## ਫੈਂਟਾਨਿਲ ਟੈੱਸਟ ਕਰਨ ਵਾਲੀਆਂ ਸਟਰਿੱਪਾਂ ਦੀਆਂ ਕਿਸਮਾਂ

ਫੈਂਟਾਨਿਲ ਟੈੱਸਟ ਕਰਨ ਵਾਲੀਆਂ ਸਟਰਿੱਪਾਂ ਦੀਆਂ ਮਾਰਕੀਟ ਵਿਚ ਕਈ ਕਿਸਮਾਂ ਹਨ।

ਫਰੇਜ਼ਰ ਹੈਲਥ ਬੀ ਟੀ ਐੱਨ ਐਕਸ (BTNX™) ਟੈੱਸਟ ਸਟਰਿੱਪਾਂ ਦੀ ਵਰਤੋਂ ਕਰਦੀ ਹੈ। ਇਹ ਬਰਾਂਡ ਪਰਖਿਆ ਹੋਇਆ ਹੈ ਅਤੇ ਇਹ ਸਟਰਿੱਪਾਂ ਫੈਂਟਾਨਿਲ ਅਤੇ ਫੈਂਟਾਨਿਲ ਵਰਗੀਆ ਕੁਝ ਹੋਰ ਵਸਤੂਆਂ ਦੀ ਥੋੜ੍ਹੀ ਮਾਤਰਾ ਦਾ ਪਤਾ ਲਾਉਣ ਲਈ ਚੰਗੀਆਂ ਹਨ।

ਨੁਕਸਾਨ ਘਟਾਉਣ ਦੇ ਇਕ ਢੰਗ ਵਜੋਂ ਬੀ ਟੀ ਐੱਨ ਐਕਸ ਸਟਰਿੱਪਾਂ ਦੀ ਵਰਤੋਂ ਬਾਰੇ ਜ਼ਿਆਦਾ ਜਾਣਕਾਰੀ ਲਈ **btnx.com/HarmReduction** ’ਤੇ ਜਾਉ।




### + ਟੈੱਸਟ ਦਾ ਪੌਜ਼ਟਿਵ ਨਤੀਜਾ



ਇਕ ਲਾਲ ਲਾਈਨ ਦਾ ਮਤਲਬ ਇਹ ਹੈ ਕਿ ਨਮੂਨੇ ਵਿਚ **ਫੈਂਟਾਨਿਲ** ਹੈ।

### – ਟੈੱਸਟ ਦਾ ਨੈਗਟਿਵ ਨਤੀਜਾ



ਦੋ ਲਾਲ ਲਾਈਨਾਂ ਦਾ ਮਤਲਬ ਇਹ ਹੈ ਕਿ ਨਮੂਨੇ ਵਿਚ **ਫੈਂਟਾਨਿਲ ਨਹੀਂ** ਹੈ।

### ? ਟੈੱਸਟ ਦਾ ਸਪਸ਼ਟ ਨਤੀਜਾ ਨਹੀਂ ਜਾਂ ਅਯੋਗ ਟੈੱਸਟ



ਠੋਸ ਨੀਲੇ ਏਰੀਏ ਦੇ ਨੇੜੇ ਦੀ ਲਾਲ ਲਾਈਨ ਤੁਹਾਡੇ ਟੈੱਸਟ ਦਾ ਸਦਾ ਨਤੀਜਾ ਹੋਣੀ ਚਾਹੀਦੀ ਹੈ। ਜੇ ਇਹ ਇੱਥੇ ਨਾ ਹੋਵੇ ਤਾਂ ਇਸ ਦਾ ਮਤਲਬ ਹੈ ਕਿ ਨਤੀਜਾ ਸਪਸ਼ਟ ਨਹੀਂ ਹੈ। ਸਟਰਿੱਪ ਨਾਲ ਹਿਲਾਉਣਾ ਜਾਂ ਸਟਰਿੱਪ ਨੂੰ ਲਹਿਰਾਂ ਵਾਲੀਆਂ ਲਾਈਨਾਂ ਤੋਂ ਉੱਪਰ ਗਿੱਲਾ ਕਰਨ ਨਾਲ ਇਹ ਹੋਇਆ ਹੋ ਸਕਦਾ ਹੈ। ਅਸੀਂ ਇਸ ਨੂੰ ਇਨਵੈਲਿਡ ਟੈੱਸਟ ਰੀਜ਼ਲਟ ਕਹਿੰਦੇ ਹਾਂ। ਨਵੀਂ ਸਟਰਿੱਪ ਨਾਲ ਦੁਬਾਰਾ ਟੈੱਸਟ ਕਰੋ।

## ਫੈਂਟਾਨਿਲ ਟੈੱਸਟ ਕਰਨ ਵਾਲੀਆਂ ਸਟਰਿੱਪਾਂ ਦੀ ਵਰਤੋਂ ਕਰਨ ਵੇਲੇ ਸੁਰੱਖਿਅਤ ਰਹਿਣ ਲਈ ਸੁਝਾਅ



- ਇਕੱਲੇ ਨਾ ਵਰਤਣ ਦੀ ਕੋਸ਼ਿਸ਼ ਕਰੋ।
- ਵਾਰੋ ਵਾਰੀ ਵਰਤੋ।
- ਥੋੜ੍ਹੀ ਮਾਤਰਾ ਨਾਲ ਸ਼ੁਰੂ ਕਰੋ।



ਘਰ ਨੂੰ ਲਿਜਾਣ ਵਾਲੀ ਨੈਲੌਕਸੋਨ ਕਿੱਟ ਲਉ। ਇਹ ਸਿੱਖੋ ਕਿ ਓਵਰਡੋਜ਼ ਦਾ ਕਿਵੇਂ ਪਤਾ ਲਾਉਣਾ ਹੈ ਅਤੇ ਮਦਦ ਕਿਵੇਂ ਕਰਨੀ ਹੈ, ਜਿਵੇਂ ਕਿ ਸਾਹ ਦੇਣਾ।

ਜ਼ਿਆਦਾ ਜਾਣਕਾਰੀ ਲਈ ਵੈੱਬਸਾਈਟਸ ’ਤੇ ਜਾਉ:

- **naloxonetraining.com**
- **towardtheheart.com**



ਨਸ਼ਿਆਂ ਨੂੰ ਰਲਾਉ ਨਾ, ਜਿਸ ਵਿਚ ਸ਼ਰਾਬ ਵੀ ਸ਼ਾਮਲ ਹੈ। ਨਸ਼ਿਆਂ ਨੂੰ ਰਲਾਉਣ ਨਾਲ ਓਵਰਡੋਜ਼ ਦੇ ਖ਼ਤਰੇ ਵਧ ਜਾਂਦੇ ਹਨ।




ਉੱਥੇ ਵਰਤੋ ਜਿੱਥੇ ਮਦਦ ਸੌਖ ਨਾਲ ਉਪਲਬਧ ਹੋਵੇ, ਜਿਵੇਂ ਕਿ ਜੇ ਉਪਲਬਧ ਹੋਵੇ ਤਾਂ ਓਵਰਡੋਜ਼ ਤੋਂ ਰੋਕਥਾਮ ਕਰਨ ਵਾਲੀ ਕੋਈ ਥਾਂ ਜਾਂ ਨਿਗਰਾਨੀ ਹੇਠ ਵਰਤੋਂ ਕਰਨ ਲਈ ਥਾਂ।




ਜੇ ਤੁਹਾਨੂੰ ਲੱਗੇ ਕਿ ਕੋਈ ਓਵਰਡੋਜ਼ ਹੋ ਰਿਹਾ ਹੈ:

- 911 ਨੂੰ ਫੋਨ ਕਰੋ
- ਮਦਦ ਦੇ ਆਉਣ ਤੱਕ ਉਸ ਨਾਲ ਰਹੋ
- ਗੁੱਡ ਸਮੈਰੇਟਨ ਡਰੱਗ ਓਵਰਡੋਜ਼ ਐਕਟ ਕੁਝ ਸੁਰੱਖਿਆ ਪ੍ਰਦਾਨ ਕਰਦਾ ਹੈ।

**ਟੈੱਸਟ ਦੇ ਨਤੀਜੇ ਤੁਹਾਨੂੰ ਕੁਝ ਵੀ ਦੱਸਣ, ਸਦਾ ਸੁਰੱਖਿਅਤ ਰਹੋ।**

Catalogue #266800 (March, 2021) Punjabi
To order: patienteduc.fraserhealth.ca

# ਫੈਂਟਾਨਿਲ ਟੈੱਸਟ ਕਰਨ ਵਾਲੀਆਂ ਸਟਰਿੱਪਾਂ ਨਾਲ ਡਰੱਗ ਚੈੱਕ ਕਰਨਾ

**ਕਦਮਵਾਰ ਗਾਈਡ**

# Drug checking with Fentanyl Test Strips

**A STEP BY STEP GUIDE**

ਆਬਾਦੀ ਅਤੇ ਪਬਲਿਕ ਹੈਲਥ
ਆਦਰ ਚੌਕਸੀ ਭਰੋਸਾ

**fraserhealth.ca/drugchecking**

ਇਹ ਜਾਣਕਾਰੀ ਉਸ ਸਲਾਹ ਦੀ ਥਾਂ ਨਹੀਂ ਲੈਂਦੀ ਜਿਹੜੀ ਤੁਹਾਨੂੰ ਤੁਹਾਡੇ ਹੈਲਥ ਕੇਅਰ ਪ੍ਰੋਵਾਈਡਰ ਵਲੋਂ ਦਿੱਤੀ ਗਈ ਸੀ।

fraserhealth

ਕਦਮਵਾਰ ਗਾਈਡ

# ਫੈਂਟਾਨਿਲ ਟੈੱਸਟ ਕਰਨ ਵਾਲੀਆਂ ਸਟਰਿੱਪਾਂ ਨਾਲ ਡਰੱਗ ਚੈੱਕ ਕਰਨਾ

## 1



ਵਰਤਣ ਤੋਂ ਪਹਿਲਾਂ ਡਰੱਗਾਂ ਨੂੰ ਚੈੱਕ ਕਰੋ (ਜਿੱਥੇ ਸੰਭਵ ਹੋਵੇ)।

ਫੈਂਟਾਨਿਲ ਟੈੱਸਟ ਕਰਨ ਵਾਲੀਆਂ ਸਟਰਿੱਪਾਂ ਦੀ ਵਰਤੋਂ ਕੋਈ ਵੀ ਡਰੱਗ, ਸਾਜ਼-ਸਾਮਾਨ ਜਾਂ ਬੈਗਾਂ ਵਿਚਲੀ ਰਹਿੰਦ-ਖੂੰਹਦ ਨੂੰ ਚੈੱਕ ਕਰਨ ਲਈ ਕੀਤੀ ਜਾ ਸਕਦੀ ਹੈ।

ਹਰ ਵਾਰੀ ਵਰਤਣ ਵੇਲੇ ਡਰੱਗਾਂ ਨੂੰ ਚੈੱਕ ਕਰੋ। ਫੈਂਟਾਨਿਲ ਦੀ ਮਾਤਰਾ ਇਕ ਵਰਤੋਂ ਤੋਂ ਅਗਲੀ ਵਰਤੋਂ ਤੱਕ ਵੱਖਰੀ ਹੋ ਸਕਦੀ ਹੈ ਅਤੇ ਇਹ ਇਕਸਮਾਨ ਨਹੀਂ ਹੋ ਸਕਦੀ ਹੈ – ਇਕ ਨਮੂਨੇ ਦੇ ਟੈੱਸਟ ਦਾ ਨਤੀਜਾ ਨੈਗਟਿਵ ਹੋ ਸਕਦਾ ਹੈ। ਅਗਲੇ ਨਮੂਨੇ ਦਾ ਨਤੀਜਾ ਪੌਜ਼ਟਿਵ ਹੋ ਸਕਦਾ ਹੈ।

## 2



ਇਕ ਛੋਟੇ ਕੱਪ ਵਿਚ 30 ਐੱਮ ਐੱਲ (1 ਔਂਸ) ਟੂਟੀ ਦਾ ਪਾਣੀ ਪਾਓ।

ਇਕ ਸ਼ੌਟ ਗਲਾਸ 30 ਐੱਮ ਐੱਲ (1 ਔਂਸ) ਦੇ ਬਰਾਬਰ ਹੈ।

## 3





ਉਸ ਚੀਜ਼ ਦਾ ਇਕ ਬਹੁਤ ਛੋਟਾ ਜਿਹਾ ਨਮੂਨਾ ਪਾਣੀ ਵਿਚ ਪਾਉ ਜਿਸ ਨੂੰ ਤੁਸੀਂ ਚੈੱਕ ਕਰ ਰਹੇ ਹੋ – ਰੇਤ ਦੇ ਕੁਝ ਕਣਾਂ ਜਿੰਨਾ।



**ਕਿਰਪਾ ਕਰਕੇ ਨੋਟ ਕਰੋ:** ਨਮੂਨਾ ਬਹੁਤ ਜ਼ਿਆਦਾ ਨਾ ਪਾਉਣਾ ਜ਼ਰੂਰੀ ਹੈ। ਇਸ ਨਾਲ ਨਤੀਜਿਆਂ ਵਿਚ ਵਿਘਨ ਪੈ ਸਕਦਾ ਹੈ।

## 4




ਟੱਕ ਲੱਗੇ ਸਿਰੇ ਤੋਂ ਪੈਕੇਜ ਖੋਲ੍ਹੋ।



ਸਟਰਿੱਪ ਨੂੰ ਸਿਰਫ ਠੋਸ ਨੀਲੇ ਸਿਰੇ ਤੋਂ ਹੀ ਫੜੋ।

ਚਿੱਟੇ ਸਿਰੇ ਨੂੰ ਹੱਥ **ਨਾ** ਲਗਾਉ।

## 5



ਸਟਰਿੱਪ ਨੂੰ ਲਹਿਰਾਂ ਵਾਲੀਆਂ ਲਾਈਨਾਂ ਨੂੰ ਕਵਰ ਕਰਦੇ ਹੋਏ ਪਾਣੀ ਵਿਚ ਪਾਉ। **ਧਿਆਨ ਰੱਖੋ ਕਿ ਠੋਸ ਲਾਈਨ ਤੋਂ ਉੱਪਰ ਨਹੀਂ ਜਾਣਾ।**

ਸਟਰਿੱਪ ਨੂੰ ਪਾਣੀ ਵਿਚ **15 ਸਕਿੰਟਾਂ** ਲਈ ਫੜੀ ਰੱਖੋ, ਲਾਲ ਧਾਰੀ ਆਉਣ ਤੱਕ ਉਡੀਕ ਕਰੋ।

ਸਟਰਿੱਪ ਨੂੰ ਡੋਬੋ ਜਾਂ ਹਿਲਾਉ **ਨਾ**।

## 6



ਸਟਰਿੱਪ ਨੂੰ ਸਟਰਿੱਪ ਦੇ ਪੈਕੇਜ ਉੱਪਰ ਰੱਖੋ ਅਤੇ ਨਤੀਜਿਆਂ ਲਈ **1 ਤੋਂ 2 ਮਿੰਟ** ਉਡੀਕ ਕਰੋ।

# ਨਤੀਜਿਆਂ ਦਾ ਅਰਥ ਕੱਢਣਾ

## + ਟੈੱਸਟ ਦਾ ਪੌਜ਼ਟਿਵ ਨਤੀਜਾ



ਇਕ ਲਾਲ ਲਾਈਨ ਦਾ ਮਤਲਬ ਇਹ ਹੈ ਕਿ ਨਮੂਨੇ ਵਿਚ **ਫੈਂਟਾਨਿਲ ਹੈ।**

## – ਟੈੱਸਟ ਦਾ ਨੈਗਟਿਵ ਨਤੀਜਾ



ਦੋ ਲਾਲ ਲਾਈਨਾਂ ਦਾ ਮਤਲਬ ਇਹ ਹੈ ਕਿ ਨਮੂਨੇ ਵਿਚ **ਫੈਂਟਾਨਿਲ ਨਹੀਂ ਹੈ।**

## ? ਟੈੱਸਟ ਦਾ ਸਪਸ਼ਟ ਨਤੀਜਾ ਨਹੀਂ ਜਾਂ ਅਯੋਗ ਟੈੱਸਟ



ਠੋਸ ਨੀਲੇ ਏਰੀਏ ਦੇ ਨੇੜੇ ਦੀ ਲਾਲ ਲਾਈਨ ਤੁਹਾਡੇ ਟੈੱਸਟ ਦਾ ਸਦਾ ਨਤੀਜਾ ਹੋਣੀ ਚਾਹੀਦੀ ਹੈ। ਜੇ ਇਹ ਇੱਥੇ ਨਾ ਹੋਵੇ ਤਾਂ ਇਸ ਦਾ ਮਤਲਬ ਹੈ ਕਿ ਨਤੀਜਾ ਸਪਸ਼ਟ ਨਹੀਂ ਹੈ। ਸਟਰਿੱਪ ਨਾਲ ਹਿਲਾਉਣਾ ਜਾਂ ਸਟਰਿੱਪ ਨੂੰ ਲਹਿਰਾਂ ਵਾਲੀਆਂ ਲਾਈਨਾਂ ਤੋਂ ਉੱਪਰ ਗਿੱਲਾ ਕਰਨ ਨਾਲ ਇਹ ਹੋਇਆ ਹੋ ਸਕਦਾ ਹੈ। ਅਸੀਂ ਇਸ ਨੂੰ ਇਨਵੈਲਿਡ ਟੈੱਸਟ ਰੀਜ਼ਲਟ ਕਹਿੰਦੇ ਹਾਂ। ਨਵੀਂ ਸਟਰਿੱਪ ਨਾਲ ਦੁਬਾਰਾ ਟੈੱਸਟ ਕਰੋ।

- ਜੇ ਤੁਸੀਂ ਇਹ ਸੋਚਦੇ ਹੋਵੋ ਕਿ ਪਦਾਰਥ ਨਸ਼ਾ ਕਰਨ ਵਾਲਾ ਹੈ ਅਤੇ ਤੁਹਾਡੇ ਟੈੱਸਟ ਦਾ ਨਤੀਜਾ ਪੌਜ਼ਟਿਵ ਹੈ ਤਾਂ:

  1. ਕੱਪ ਵਿਚ ਟੂਟੀ ਦਾ ਹੋਰ 30 ਐੱਮ ਐੱਲ ਪਾਣੀ ਪਾਉ।
  2. ਟੈੱਸਟ ਕਰਨ ਵਾਲੀ ਨਵੀ ਸਟਰਿੱਪ ਨਾਲ ਦੁਬਾਰਾ ਟੈੱਸਟ ਕਰੋ।

  **ਨਸ਼ੀਲੇ ਪਦਾਰਥਾਂ ਦੀ ਜ਼ਿਆਦਾ ਮਾਤਰਾ ਝੂਠੇ ਪੌਜ਼ਟਿਵ ਦਿਖਾ ਸਕਦੀ ਹੈ।**

- ਟੈੱਸਟ ਦੇ ਨੈਗ**ਟਿਵ ਨਤੀਜੇ ਦਾ ਮਤਲਬ ਇਹ ਨਹੀਂ ਹੈ ਕਿ ਪਦਾਰਥ ਸੁਰੱਖਿਅਤ ਹੈ। ਫੈਂਟਾਨਿਲ ਟੈੱਸਟ ਕਰਨ ਵਾਲੀਆਂ ਸਟਰਿੱਪਾਂ 100 ਫੀ ਸਦੀ ਸਹੀ ਨਹੀਂ ਹਨ।** ਇਸ ਦੇ ਨਾਲ ਹੀ ਫੈਂਟਾਨਿਲ ਬਹੁਤ ਸਾਰੀਆਂ ਡਰੱਗਾਂ ਵਿੱਚੋਂ ਸਿਰਫ ਇਕ ਹੈ ਜਿਹੜੀਆਂ ਓਵਰਡੋਜ਼ ਦਾ ਕਾਰਨ ਬਣ ਸਕਦੀਆਂ ਹਨ।

- ਫੈਂਟਾਨਿਲ ਟੈੱਸਟ ਕਰਨ ਵਾਲੀਆਂ ਸਟਰਿੱਪਾਂ ਸਿਰਫ ਇਹ ਚੈੱਕ ਕਰਦੀਆਂ ਹਨ ਕਿ ਕੀ ਟੈੱਸਟ ਕੀਤੇ ਜਾਣ ਵਾਲੇ ਹਿੱਸੇ ਵਿਚ ਫੈਂਟਾਨਿਲ ਹੈ। ਉਹ ਤੁਹਾਨੂੰ **ਇਹ ਨਹੀਂ** ਦੱਸਦੀਆਂ ਕਿ ਡਰੱਗ ਵਿਚ ਕਿੰਨੀ ਹੈ ਜਾਂ ਡਰੱਗ ਕਿੰਨੀ ਤੇਜ਼ ਹੈ।